# BBC LEARNING ENGLISH
# English Expressions
# Out for the count

*This is not a word-for-word transcript*

**ਰਾਜਵੀਰ**
ਹੈਲੋ, English Expressions ਵਿੱਚ ਤੁਹਾਡਾ ਸਵਾਗਤ ਹੈ। ਅਜਿਹਾ ਸ਼ੋਅ ਜਿਸ ਵਿੱਚ ਅਸੀਂ ਇੰਗਲਿਸ਼ ਦੇ ਨਵੇਂ ਇਜ਼ਹਾਰਾਂ ਦੀ ਵਰਤੋਂ ਸਿੱਖਣ ਵਿੱਚ ਤੁਹਾਡੀ ਮਦਦ ਕਰਦੇ ਹਾਂ।
ਮੈਂ ਰਾਜਵੀਰ ਤੇ ਅੱਜ ਅਸੀਂ ਇੰਗਲਿਸ਼ ਦੇ ਮੁਹਾਵਰੇ 'out for the count', 'ਗਿਣਤੀ ਲਈ ਬਾਹਰ', ਬਾਰੇ ਗੱਲ ਕਰਾਂਗੇ। ਤੁਸੀਂ ਕੀ ਸੋਚਦੇ ਹੋ ਇਸਦਾ ਅਰਥ ਕੀ ਹੋਵੇਗਾ? ਕੋਈ ਗੱਲ ਨਹੀਂ, ਜੇ ਕੁਝ ਪੱਕਾ ਨਹੀਂ ਕਹਿ ਸਕਦੇ, ਸੁਣਦੇ ਰਹੋ।
ਨੇਲ਼ ਅਤੇ ਕੀਅ ਹਫ਼ਤੇ ਦੇ ਆਖ਼ੀਰ ਮਤਲਬ ਸ਼ਨੀ-ਐਤਵਾਰ ਬਾਰੇ ਗੱਲਬਾਤ ਕਰ ਰਹੇ ਹਨ ਸੁਣੋ। ਨੇਲ਼ ਅਤੇ ਉਸਦੇ ਪਰਿਵਾਰ ਨੇ ਕੀ ਕੀਤਾ? ਉਸਦੇ ਬੱਚੇ ਇਹਨੀ ਜਲਦੀ ਕਿਉਂ ਸੌਂ ਗਏ? ਚਲੋ ਪਤਾ ਕਰੀਏ।

**Neil**
This expression comes from the sport of boxing and describes a boxer who has been knocked unconscious who can't stand up within a count of ten seconds. The boxer is said to be 'out for the count' and loses the match. But the expression can also be used in another way...

**Li**
Oh, how?

**Neil**
Well, I had a really active weekend. I went hiking in Wales with my wife and our two children.

**Li**
Hiking in Wales, that sounds like hard work.

**Neil**
Well not for my kids. They loved it, they were racing each other, running up and down the hills…then we went to the zoo where they had more fun.


© British Broadcasting Corporation 2017

**ਰਾਜਵੀਰ**

ਨੇਲ਼ ਅਤੇ ਉਸਦਾ ਪਰਿਵਾਰ ਵੇਲਜ਼ ਗਿਆ ਹੈ, ਜਿਥੇ ਉਹ ਪਹਾੜਾਂ ਉੱਪਰ ਚੜ੍ਹੇ, 'hiking' ਕੀਤੀ। ਉਸਦੇ ਬੱਚਿਆਂ ਨੇ ਬਹੁਤ ਆਨੰਦ ਮਾਣਿਆ। ਫ਼ੇਰ ਉਹ ਚਿੜੀਆਘਰ 'zoo' ਗਏ। ਸੁਣੋ ਕਿ ਇਹ ਸੈਰ-ਸਪਾਟਾ ਨੇਲ਼ ਅਤੇ ਉਸਦੀ ਘਰਵਾਲੀ ਲਈ ਸੱਚ-ਮੁੱਚ ਵਧੀਆ ਕਿਉਂ ਸੀ।

**Li**
So you had a nice day out then?

**Neil**
Definitely. The evening was even nicer for us, me and my wife as there was no reading of bedtime stories and no computer games. By 7 o'clock, the kids were in bed, and the next thing we knew, they were out for the count!

**Li**
Oh I think I've got it. Do you mean they were so tired from all the exercise that they fell asleep immediately when their heads touched the pillows?

**ਰਾਜਵੀਰ**

ਤਾਂ ਤੁਸੀਂ ਹੁਣੇ ਨੇਲ਼ ਨੂੰ ਕਹਿੰਦੇ ਸੁਣਿਆ ਕਿ ਸ਼ਨੀ-ਐਤਵਾਰ ਪਹਾੜਾਂ ਵਿੱਚ ਘੁੰਮਣ ਤੋਂ ਬਾਅਦ ਉਸਦੇ ਬੱਚੇ 'out for the count' ਹੋ ਗਏ। ਜਿਵੇਂ ਕਿ ਨੇਲ਼ ਨੇ ਪਹਿਲਾਂ ਵੀ ਦੱਸਿਆ ਕਿ 'out for the count' ਇਜ਼ਹਾਰ ਬੌਕਸਿੰਗ ਖੇਡ ਤੋਂ ਲਿਆ ਗਿਆ ਹੈ ਜਿਥੇ 'out' ਦਾ ਮਤਲਬ ਹੈ ਬੇਹੋਸ਼ ਹੋ ਜਾਣਾ ਅਤੇ 'the count' ਜਦੋਂ ਖੇਡ ਦਾ ਰੈਫ਼ਰੀ ਇੱਕ ਤੋਂ ਦਸ ਤੱਕ ਗਿਣਤੀ ਗਿਣਦਾ ਹੈ ਪਤਾ ਕਰਨ ਲਈ ਕਿ ਬੇਹੋਸ਼ ਖਿਡਾਰੀ ਦੁਬਾਰਾ ਉੱਠ ਕੇ ਖੇਡੇਗਾ ਜਾਂ ਲੜਾਈ ਹਾਰ ਗਿਆ ਹੈ। ਖ਼ੈਰ ਇਸਨੂੰ ਆਮ ਤੌਰ 'ਤੇ ਉਦੋਂ ਇਸਤੇਮਾਲ ਕੀਤਾ ਜਾਂਦਾ ਹੈ ਜਦੋਂ ਕਹਿਣਾ ਹੋਵੇ ਕੋਈ ਥੱਕਕੇ ਚੂਰ ਹੋਕੇ ਸੌਂ ਗਿਆ। ਤਾਂ ਅਸੀਂ 'is out for the count' ਉਸ ਵਿਅਕਤੀ ਬਾਰੇ ਦੱਸਣ ਲਈ ਵਰਤਦੇ ਹਾਂ ਜੋ ਬਹੁਤ ਥੱਕ ਚੁੱਕਾ ਹੋਵੇ।

ਚਲੋ ਕੁਝ ਉਦਾਹਰਣਾਂ ਸੁਣਦੇ ਹਾਂ।

**Examples**

*Jack had so much to drink last night that when he got home he was out for the count. He fell asleep so quickly, he didn't even take his clothes off!*

*There was some trouble outside my house last night but I didn't hear it: I was so tired I was out for the count. I had been working in the garden all day yesterday.*

*She was so tired from her dance class that she was out for the count as soon as she put her head on the pillow.*


© British Broadcasting Corporation 2017

**Li**
Oh, how I wish I could fall asleep quickly – but I often have to take a sleeping pill.

**Neil**
That's not good. You should try doing some exercise to make you tired: how about jogging?

**Li**
Oh no, it's boring, it's too monotonous.

**Neil**
Well, how about something relaxing like yoga?

**Li**
Yoga, no, I'm not very flexible, I have never been.

**Neil**
Well, what about boxing? It's exciting and you could be knocked unconscious - out for the count!

**Li**
Very funny!

**ਰਾਜਵੀਰ**
ਲੱਗਦਾ ਨਹੀਂ ਕਿ ਲੀ ਨੇ ਨੇਲ਼ ਦੀ ਰਾਤ ਨੂੰ 'out for the count' ਹੋਣ ਦੀ ਸਲਾਹ ਨੂੰ ਮੰਨਿਆ ਖ਼ਾਸਕਰ ਬੌਕਸਿੰਗ ਦੀ ਮਦਦ ਨਾਲ। ਤੇ ਤੁਹਾਡੇ ਬਾਰੇ ਕੀ? ਕੀ ਤੁਸੀਂ ਚੰਗੀ ਤਰ੍ਹਾਂ ਸੌਂਦੇ ਹੋ? ਕੀ ਰਾਤ ਤੱਕ ਤੁਸੀਂ ਵੀ 'out for the count' ਹੋ ਜਾਂਦੇ ਹੋ? ਚਲੋ ਅੱਜ ਦੀ ਗੱਲਬਾਤ ਏਥੇ ਹੀ ਖ਼ਤਮ ਕਰਦੇ ਹਾਂ। ਹੋਰ ਨਵੇਂ 'English Expressions' ਸਿੱਖਣ ਲਈ ਸਾਡੇ ਨਾਲ ਫ਼ੇਰ ਜੁੜੋ। ਬਾਏ।


© British Broadcasting Corporation 2017